

Surrey Schools
LEADERSHIP IN LEARNING

# ਕਿੰਡਰਗਾਰਟਨ ਲਈ ਰਜਿਸਟ੍ਰੇਸ਼ਨ


## ਅਸੀਂ ਬਹੁਤ ਖੁਸ਼ੀ ਨਾਲ ਤੁਹਾਡੇ ਬੱਚੇ ਦਾ ਕਿੰਡਰਗਾਰਟਨ ਵਿੱਚ ਸੁਆਗਤ ਕਰਦੇ ਹਾਂ!

ਅਸੀਂ ਸਮਝਦੇ ਹਾਂ ਕਿ ਕਿੰਡਰਗਾਰਟਨ ਦਾ ਸਾਲ ਇਕ ਮਹੱਤਵਪੂਰਨ ਮੀਲਪੱਥਰ ਹੈ। ਸਮਰਪਤ ਅਧਿਆਪਕਾਂ ਦੀ ਸਾਡੀ ਟੀਮ ਹਰ ਬੱਚੇ ਵਿੱਚ ਪੜ੍ਹਾਈ, ਸਿਰਜਣਾ ਅਤੇ ਜਗਿਆਸਾ ਲਈ ਪਿਆਰ ਪੈਦਾ ਕਰਨ ਲਈ ਵਚਨਬੱਧ ਹੈ।

ਹੇਠਾਂ ਸਾਡੇ ਪੂਰੇ ਡਿਸਟ੍ਰਿਕਟ ਦੇ ਚੋਣਵੇਂ ਸਕੂਲਾਂ ਵਿੱਚ ਦਿੱਤੇ ਜਾਂਦੇ ਪ੍ਰੋਗਰਾਮਜ਼ ਆਫ ਚੁਆਇਸ (ਚੋਣ ਦੇ ਪ੍ਰੋਗਰਾਮਾਂ) ਬਾਰੇ ਵਿਸਤ੍ਰਿਤ ਜਾਣਕਾਰੀ ਸਮੇਤ ਤੁਹਾਡੇ ਇਲਾਕੇ ਦੇ ਸਕੂਲ ਵਿੱਚ ਕਿੰਡਰਗਾਰਟਨ ਦੀ ਰਜਿਸਟ੍ਰੇਸ਼ਨ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਪ੍ਰੋਗਰਾਮਜ਼ ਆਫ ਚੁਆਇਸ ਇਲਾਕੇ ਤੋਂ ਬਾਹਰ ਦੇ ਵਿਦਿਆਰਥੀਆਂ ਲਈ ਵੀ ਖੁੱਲ੍ਹੇ ਹਨ, ਪਰ ਇਹਨਾਂ ਲਈ ਸਕੂਲ ਨੂੰ ਆਉਣ ਜਾਣ ਦਾ ਪ੍ਰਬੰਧ ਮਾਪਿਆਂ ਵਲੋਂ ਕੀਤਾ ਜਾਣਾ ਜ਼ਰੂਰੀ ਹੈ।

### ਮੈਂ ਆਪਣੇ ਬੱਚੇ ਨੂੰ ਕਿੰਡਰਗਾਰਟਨ ਲਈ ਕਿਵੇਂ ਰਜਿਸਟਰ ਕਰਵਾ ਸਕਦਾ/ਸਕਦੀ ਹਾਂ?

ਸਰੀ ਅਤੇ ਵਾਈਟਰੌਕ ਦੇ ਸਾਰੇ ਐਲੀਮੈਂਟਰੀ ਸਕੂਲਾਂ ਵਿੱਚ ਕਿੰਡਰਗਾਰਟਨ ਦੀਆਂ ਪੂਰੇ ਦਿਨ ਦੀਆਂ ਕਲਾਸਾਂ ਚਲਦੀਆਂ ਹਨ।




ਆਪਣੇ ਇਲਾਕੇ ਦੇ ਸਕੂਲ ਵਿੱਚ ਆਪਣੇ ਬੱਚੇ ਨੂੰ ਕਿੰਡਰਗਾਰਟਨ ਵਿੱਚ ਰਜਿਸਟਰ ਕਰਾਉਣ ਲਈ, ਕਿਰਪਾ ਕਰਕੇ www.surreyschools.ca ’ਤੇ ਜਾਉ ਅਤੇ ਅਤੇ ਉੱਪਰ ਸੱਜੇ ਹੱਥ ਦੇ ਖੂੰਜੇ ’ਤੇ ਦਿੱਤੇ ਗਏ ‘register now’ ਬਟਨ ’ਤੇ ਕਲਿੱਕ ਕਰੋ। ਇਹ ਰਜਿਸਟ੍ਰੇਸ਼ਨ ਸਿਸਟਮ ਸਾਰੇ K–12 ਦੇ ਵਿਦਿਆਰਥੀਆਂ ਲਈ ਹੈ।

ਤੁਹਾਡੇ ਇਲਾਕੇ ਦੇ ਸਕੂਲ ਬਾਰੇ ਫੈਸਲਾ ਤੁਹਾਡੇ ਐਡਰਸ ਅਤੇ ਡਿਸਟ੍ਰਿਕਟ ਦੇ ਸਕੂਲ ਬਾਊਂਡਰੀਜ਼ ਮੈਪ ਵਿੱਚ ਉਸ ਦੀ ਸਥਿਤੀ ਦੇ ਅਧਾਰ ’ਤੇ ਕੀਤਾ ਜਾਂਦਾ ਹੈ। ਆਪਣੇ ਇਲਾਕੇ ਬਾਰੇ ਜਾਣਨ ਲਈ ਕਿਰਪਾ ਕਰਕੇ ਆਪਣਾ ਐਡਰਸ ਸਾਡੇ ਡਿਸਟ੍ਰਿਕਟ ਦੇ ਵੈੱਬਸਾਈਟ ’ਤੇ ਦਿੱਤੇ ਸਕੂਲ ਲੋਕੇਟਰ ਟੂਲ ਵਿੱਚ ਪਾਉ।

### ਮੈਂ ਆਪਣੇ ਬੱਚੇ ਨੂੰ ਕਿੰਡਰਗਾਰਟਨ ਵਿੱਚ ਕਦੋਂ ਰਜਿਸਟਰ ਕਰਵਾ ਸਕਦਾ/ ਸਕਦੀ ਹਾਂ?

ਰਜਿਸਟਰ ਹੋਣ ਲਈ ਬੱਚਿਆਂ ਨੂੰ ਉਸ ਹੀ ਸਾਲ ਵਿੱਚ 31 ਦਸੰਬਰ ਤੱਕ ਪੰਜ ਸਾਲਾਂ ਦੇ ਹੋਣਾ ਜ਼ਰੂਰੀ ਹੈ, ਜਿਸ ਸਾਲ ਵਿੱਚ ਉਹ ਸਕੂਲ ਸ਼ੁਰੂ ਕਰਨਗੇ। ਕਿਰਪਾ ਕਰਕੇ ਤਰੀਕਾਂ ਲਈ surreyschools.ca ਦੇਖੋ।

### ਕੀ ਕੋਈ ਅਜਿਹੀ ਜਾਣਕਾਰੀ ਹੈ ਜਿਹੜੀ ਵੱਖ ਵੱਖ ਯੋਗਤਾਵਾਂ ਅਤੇ ਲੋੜਾਂ ਵਾਲੇ ਬੱਚਿਆਂ ਦੇ ਪਰਿਵਾਰਾਂ ਲਈ ਫਾਇਦੇਮੰਦ ਹੋ ਸਕਦੀ ਹੈ?

ਰਜਿਸਟ੍ਰੇਸ਼ਨ ਦੇ ਅਮਲ ਦੌਰਾਨ, ਅਸੀਂ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀਆਂ ਲੋੜਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਇਹ ਜਾਣਕਾਰੀ ਸਕੂਲ ਵਿੱਚ ਨਿਰਵਿਘਨ ਦਾਖਲੇ ਵਿੱਚ ਮਦਦ ਕਰੇਗੀ ਅਤੇ ਇਹ ਯਕੀਨੀ ਬਣਾਏਗੀ ਕਿ ਐਜੂਕੇਸ਼ਨਲ ਟੀਮ ਨੂੰ ਵਿਦਿਆਰਥੀ ਦੀਆਂ ਵਿਲੱਖਣ ਲੋੜਾਂ ਬਾਰੇ ਚੰਗੀ ਤਰ੍ਹਾਂ ਪਤਾ ਹੈ, ਤਾਂ ਜੋ ਵਿਦਿਆਰਥੀ ਨੂੰ ਜ਼ਿਆਦਾ ਸਮਰਥਨ ਵਾਲਾ ਅਤੇ ਉਸ ਦੀਆਂ ਲੋੜਾਂ ਅਨੁਸਾਰ ਤਿਆਰ ਕੀਤਾ ਵਿਦਿਅਕ ਤਜਰਬਾ ਹਾਸਲ ਹੋਵੇ।



## ਪ੍ਰੋਗਰਾਮ ਆਫ ਚੁਆਇਸ (ਚੋਣ ਦਾ ਪ੍ਰੋਗਰਾਮ) ਕੀ ਹੈ?

**ਪ੍ਰੋਗਰਾਮ ਆਫ ਚੁਆਇਸ** ਕਿਸੇ ਖਾਸ ਸਕੂਲ ਵਿੱਚ ਪੜ੍ਹਾਏ ਜਾਂਦੇ ਪੜ੍ਹਾਈ ਦੇ ਇਕ ਖਾਸ ਫੁੱਲਟਾਈਮ ਪ੍ਰੋਗਰਾਮ ਨੂੰ ਕਹਿੰਦੇ ਹਨ, ਜਿਸ ਦੀ ਪਰਿਵਾਰ ਆਪਣੇ ਬੱਚਿਆਂ ਲਈ ਚੋਣ ਕਰ ਸਕਦੇ ਹਨ। ਇਹ ਪ੍ਰੋਗਰਾਮ ਬੀ ਸੀ ਦੇ ਕੇ-7 ਪਾਠਕ੍ਰਮ ਵਿੱਚ ਦਰਜ ਯੋਗਤਾਵਾਂ, ਹੁਨਰਾਂ ਅਤੇ ਸਮਝਾਂ 'ਤੇ ਕੇਂਦਰਿਤ ਹੁੰਦੇ ਹਨ, ਪਰ ਖਾਸ ਦਿਲਚਸਪੀਆਂ, ਪੜ੍ਹਾਈ ਦੀਆਂ ਪਹੁੰਚਾਂ ਜਾਂ ਵਿਦਿਅਕ ਫਿਲਾਸਫੀਆਂ ਨੂੰ ਧਿਆਨ ਵਿੱਚ ਰੱਖ ਕੇ ਵਿਲੱਖਣ ਢੰਗ ਨਾਲ ਤਿਆਰ ਕੀਤੇ ਗਏ ਹੁੰਦੇ ਹਨ। ਇਹਨਾਂ ਪ੍ਰੋਗਰਾਮਾਂ ਦਾ ਟੀਚਾ ਸਾਰਿਆਂ ਲਈ ਪੜ੍ਹਾਈ ਦਾ ਵਿਆਪਕ ਅਤੇ ਸ਼ਮੂਲੀਅਤ ਵਾਲਾ ਤਜਰਬਾ ਯਕੀਨੀ ਬਣਾਉਂਦਿਆਂ ਉਹਨਾਂ ਵੱਖ ਵੱਖ ਢੰਗਾਂ ਦਾ ਸਮਰਥਨ ਕਰਨਾ ਅਤੇ ਉਹਨਾਂ ਨੂੰ ਅਮੀਰ ਕਰਨਾ ਹੈ ਜਿਹਨਾਂ ਨਾਲ ਬੱਚੇ ਸਿੱਖਦੇ ਹਨ।

## ਕਿਹੜੇ ਪ੍ਰੋਗਰਾਮਜ਼ ਆਫ ਚੁਆਇਸ (ਚੋਣ ਦੇ ਪ੍ਰੋਗਰਾਮ) ਉਪਲਬਧ ਹਨ?

ਸਰੀ ਸਕੂਲ ਡਿਸਟ੍ਰਿਕਟ ਨੂੰ ਹੇਠਾਂ ਦਿੱਤੇ **ਪ੍ਰੋਗਰਾਮਜ਼ ਆਫ ਚੁਆਇਸ (ਚੋਣ ਦੇ ਪ੍ਰੋਗਰਾਮ)** ਦੇਣ ਦਾ ਮਾਣ ਹੈ, ਜਿਹੜੇ ਡਿਸਟ੍ਰਿਕਟ ਦੇ ਕਿੰਡਰਗਾਰਟਨ ਲਾਟਰੀ ਪ੍ਰੋਗਰਾਮ ਰਾਹੀਂ ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਉਪਲਬਧ ਹਨ:

- **ਅਰਲੀ ਫਰੈਂਚ ਇਮਰਸ਼ਨ:** ਵਿਦਿਆਰਥੀ ਪੜ੍ਹਾਈ ਦੇ ਸਾਰੇ ਖੇਤਰਾਂ ਵਿੱਚ ਫਰਾਂਸੀਸੀ ਵਿੱਚ ਪੜ੍ਹਦੇ ਹਨ। ਇਹ ਪ੍ਰੋਗਰਾਮ ਕਲੋਵਰਡੇਲ/ਕਲੇਟਨ, ਗਿਲਫੋਰਡ, ਪੈਨੋਰਾਮਾ, ਸਾਊਥ ਸਰੀ/ਵਾਈਟਰੌਕ ਅਤੇ ਸਰੀ ਸੈਂਟਰਲ ਵਿੱਚ ਉਪਲਬਧ ਹੈ।

- **ਇਨਟੈਨਸਿਵ ਫਾਈਨ ਆਰਟਸ:** ਵਿਦਿਆਰਥੀ ਇਸ ਤਰ੍ਹਾਂ ਦੇ ਮਾਹੌਲ ਵਿੱਚ ਲੀਨ ਹੁੰਦੇ ਹਨ ਜਿੱਥੇ ਉਹ ਦਿਮਾਗ ਅਤੇ ਸਿੱਖਣ ਦੀਆਂ ਕਲਾਤਮਕ ਆਦਤਾਂ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਨ। ਇਹ ਪ੍ਰੋਗਰਾਮ ਗਿਲਫੋਰਡ ਅਤੇ ਸਾਊਥ ਸਰੀ/ਵਾਈਟਰੌਕ ਵਿੱਚ ਉਪਲਬਧ ਹੈ।

- **ਮਾਂਟੇਸੋਰੀ:** ਇਹ ਪ੍ਰੋਗਰਾਮ ਵਿਦਿਆਰਥੀਆਂ ਵਿਚਕਾਰ ਕਮਿਊਨਿਟੀ, ਸਹਿਯੋਗ ਅਤੇ ਮੈਂਟਰਸ਼ਿੱਪ ਨੂੰ ਪੈਦਾ ਕਰਨ ਅਤੇ ਉਤਸ਼ਾਹਿਤ ਕਰਨ ਲਈ ਕਲਾਸ ਵਿੱਚ ਕਈ ਉਮਰਾਂ ਦੇ ਵਿਦਿਆਰਥੀਆਂ ਨੂੰ ਸ਼ਾਮਲ ਕਰਦਾ ਹੈ। ਮਕਸਦ ਭਰਪੂਰ ਮਾਂਟੇਸੋਰੀ ਸਮੱਗਰੀ ਅਤੇ ਜੋਸ਼ ਵਾਲੇ ਅਧਿਆਪਕਾਂ ਦੇ ਨਾਲ ਇਹ ਪ੍ਰੋਗਰਾਮ ਹਰ ਇਕ ਬੱਚੇ ਨੂੰ ਉਮਰ ਭਰ ਲਈ ਅਪਣੇ ਆਪ ਸਿੱਖਣ ਦੇ ਯੋਗ ਬਣਾ ਕੇ ਸੰਪੂਰਣ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਇਹ ਪ੍ਰੋਗਰਾਮ ਕਲੋਵਰਡੇਲ /ਕਲੇਟਨ, ਗਿਲਫੋਰਡ ਅਤੇ ਸਾਊਥ ਸਰੀ/ਵਾਈਟਰੌਕ ਵਿੱਚ ਉਪਲਬਧ ਹੈ।

- **ਆਊਟਡੋਰ ਐਜੂਕੇਸ਼ਨ:** ਵਿਦਿਆਰਥੀ ਅਜਿਹੇ ਮਾਹੌਲ ਵਿੱਚ ਲੀਨ ਹੁੰਦੇ ਹਨ ਜਿੱਥੇ ਉਹ ਅਜਿਹੇ ਬਾਹਰਲੇ ਤਜਰਬਿਆਂ ਵਿੱਚ ਹਿੱਸਾ ਲੈਂਦੇ ਹਨ ਜਿਹੜੇ ਬੀ ਸੀ ਦੇ ਪਾਠਕ੍ਰਮ ਦਾ ਹਿੱਸਾ ਹਨ। ਇਹ ਪ੍ਰੋਗਰਾਮ ਸਾਊਥ ਸਰੀ/ ਵਾਈਟਰੌਕ ਦੇ ਇਲਾਕੇ ਵਿੱਚ ਉਪਲਬਧ ਹੈ।

- **ਟ੍ਰੈਡੀਸ਼ਨਲ:** ਵਿਦਿਆਰਥੀ ਅਜਿਹੇ ਮਾਹੌਲ ਵਿੱਚ ਲੀਨ ਹੁੰਦੇ ਹਨ ਜਿੱਥੇ ਉਹ ਨਾਗਰਿਕਤਾ ਅਤੇ ਅਕਾਦਮਿਕ ਉੱਤਮਤਾ ਦੀਆਂ ਆਮ ਕਦਰਾਂ ਕੀਮਤਾਂ ਸਾਂਝੀਆਂ ਕਰ ਸਕਦੇ ਹਨ। ਇਹ ਪ੍ਰੋਗਰਾਮ ਕਲੋਵਰਡੇਲ /ਕਲੇਟਨ, ਪੈਨੋਰਾਮਾ ਅਤੇ ਸਰੀ ਸੈਂਟਰਲ ਵਿੱਚ ਉਪਲਬਧ ਹੈ।

## ਮੈਂ ਆਪਣੇ ਬੱਚੇ ਨੂੰ ਕਿਸੇ ਪ੍ਰੋਗਰਾਮ ਆਫ ਚੁਆਇਸ (ਚੋਣ ਦੇ ਪ੍ਰੋਗਰਾਮ) ਵਿੱਚ ਦਾਖਲ ਕਰਵਾਉਣ ਲਈ ਕਿਸ ਤਰ੍ਹਾਂ ਅਰਜ਼ੀ ਕਰ ਸਕਦਾ/ਸਕਦੀ ਹਾਂ?

ਸਾਡੇ ਪ੍ਰੋਗਰਾਮਜ਼ ਆਫ ਚੁਆਇਸ (ਚੋਣ ਦੇ ਪ੍ਰੋਗਰਾਮਾਂ) ਵਿੱਚੋਂ ਕਿਸੇ ਇਕ ਲਈ ਅਰਜ਼ੀ ਕਰਨੀ ਚਾਹੁਣ ਵਾਲੇ ਪਰਿਵਾਰ ਕਿੰਡਰਗਾਰਟਨ ਲਾਟਰੀ ਦੇ ਸਮੇਂ ਦੌਰਾਨ ਆਪਣੀ ਅਰਜ਼ੀ ਆਨਲਾਈਨ ਦਾਖਲ ਕਰ ਸਕਦੇ ਹਨ। ਕਿਸੇ ਪ੍ਰੋਗਰਾਮ ਆਫ ਚੁਆਇਸ (ਚੋਣ ਦੇ ਪ੍ਰੋਗਰਾਮ) ਲਈ ਅਰਜ਼ੀ ਕਰ ਸਕਣ ਦੇ ਯੋਗ ਹੋਣ ਤੋਂ ਪਹਿਲਾਂ ਪਰਿਵਾਰਾਂ ਨੂੰ ਆਪਣੇ ਇਲਾਕੇ ਦੇ ਸਕੂਲ ਵਿੱਚ ਰਜਿਸਟਰ ਹੋਣਾ ਪਵੇਗਾ। ਪ੍ਰੋਗਰਾਮਜ਼ ਆਫ ਚੁਆਇਸ ਦੀ ਲਾਟਰੀ ਜਨਵਰੀ ਦੇ ਅਖੀਰ ਤੋਂ ਸ਼ੁਰੂ ਹੋ ਕੇ ਤਿੰਨ ਹਫਤਿਆਂ ਦੇ ਸਮੇਂ ਲਈ ਉਪਲਬਧ ਹੁੰਦੀ ਹੈ। ਪੱਕੀਆਂ ਤਰੀਕਾਂ ਲਈ ਕਿਰਪਾ ਕਰਕੇ website ਦੇਖੋ।

ਤੁਸੀਂ ਪ੍ਰੋਗਰਾਮਜ਼ ਆਫ ਚੁਆਇਸ ਦੇ ਤਿੰਨ ਪ੍ਰੋਗਰਾਮਾਂ ਤੱਕ ਲਈ ਅਰਜ਼ੀ ਕਰ ਸਕਦੇ ਹੋ ਅਤੇ ਅਰਜ਼ੀ ਦੇਣੀ ਮੁਫਤ ਹੈ।